# **ਮੈਨੁਅਲ 8**

ਬੋਰਡ ਦੇ ਸਾਰੇ ਫੈਸਲੇ ਬੋਰਡ ਮੈਂਬਰਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੀ ਬਹੁਮਤ  ਨਾਲ ਕੀਤੇ ਜਾਂਦੇ ਹਨ।  ਬੋਰਡ ਦੇ ਫੈਸਲੇ ਵੈਲਫੇਅਰ ਕਮਿਸ਼ਨਰ, ਪੰਜਾਬ ਵਲੋਂ ਵਿਭਾਗ ਦੇ ਫੀਲਡ ਅਧਿਕਾਰੀਆਂ ਅਤੇ ਕਰਮਚਾਰੀਆਂ ਰਾਹੀਂ ਲਾਗੂ ਕੀਤੇ ਜਾਂਦੇ ਹਨ। ਕਿਰਤ ਵਿਭਾਗ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਸਬੰਧੀ ਕਿਰਤੀਆਂ ਨੂੰ ਜਾਣੂ ਕਰਵਾਉਣਾ, ਅਣਵੰਡੀਆਂ ਰਕਮਾਂ ਇੱਕਤਰ ਕਰਨਾ, ਦਾਨ ਖਾਤੇ ਦੀਆਂ ਰਕਮਾਂ ਅਤੇ ਅੰਸ਼ਦਾਨ ਦੀਆਂ ਰਕਮਾਂ ਨੂੰ ਦੇ ਚੈਕਾਂ ਨੂੰ ਬੈਂਕਾਂ ਵਿਚ ਜਮਾਂ ਕਰਵਾਉਣ ਅਤੇ ਉਨ੍ਹਾਂ ਦਾ ਸਾਰਾ ਰਿਕਾਰਡ ਰਖੱਣ ਸਬੰਧੀ ਕੰਮ ਉਨ੍ਹਾਂ ਵਲੋਂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਫੈਕਟਰੀਆਂ ਦੇ ਮਾਲਕਾਂ ਵਲੋਂ ਕਿਰਤੀਆਂ ਨੂੰ ਦਿੱਤੀਆਂ ਗਈਆਂ ਭਲਾਈ ਸਕੀਮਾਂ ਦੇ ਲਾਭ ਸਬੰਧੀ ਸਾਰੇ ਦਸਤਾਵੇਜ਼ ਤਿਆਰ ਕਰਵਾ ਕੇ ਮੁੱਖ ਦਫਤਰ ਨੂੰ ਭਿਜਵਾਉਣਾ ਹੈ।